ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:), ਪੰਜਾਬ, ਐਸ.ਏ.ਐਸ ਨਗਰ।
ਈ-ਬਲਾਕ, ਚੌਥੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ।
(ਵਜੀਫਾ ਸਾਖਾ)

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ)
ਸਮੂਹ ਸਕੂਲ ਮੁੱਖੀ /ਪ੍ਰਿੰਸੀਪਲ

ਮੀਮੋ ਨੰ: 16/25-2010 ਵਜੀਫਾ(6)
ਮਿਤੀ 13-05-2016

ਵਿਸਾ- ਵਿਦਿਅਕ ਸੈਸਨ 2016-17 ਵਿੱਚ ਪ੍ਰੀ ਮੈਟ੍ਰਿਕ ਸਕਾਲਰਸਿਪ ਸਕੀਮਾਂ ਲਈ ਸਕੂਲ ਦੇ ਵਿਦਿਆਰਥੀਆਂ ਵੱਲੋਂ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਸਬੰਧੀ ਹਦਾਇਤਾਂ।

ੳੁਪਰੋਕਤ ਵਿਸੇ ਸਬੰਧੀ ਕੇਦਰ ਅਤੇ ਰਾਜ ਸਪੋਸਰਡ ਸਕੀਮਾਂ ਵਿੱਚ ਸਾਲ 2016-17 ਦੌਰਾਨ ਸਰਕਾਰੀ / ਏਡਿਡ/ ਪ੍ਰਾਈਵੇਟ ਸਕੂਲ/ ਸੰਸਥਵਾਂ ਜ਼ੋ ਕਿਸੇ ਵੀ ਬੋਰਡ ਤੋਂ ਮਾਨਤਾ ਪ੍ਰਾਪਤ ਹੋਣ , ਲਈ ਅਪਲਾਈ ਕਰਨ ਲਈ ਯੋਗ ਹਨ । ਪ੍ਰੰਤੂ ਹਰ ਸਕੂਲ ਈ ਪੰਜਾਬ ਪੋਰਟਲ ਵਿੱਚ ਰਜਿਸਟਰਡ ਹੋਣਾ ਵੀ ਲਾਜਮੀ ਹੈ। ਜ਼ੋ ਸਕੀਮਾਂ ਵਿਭਾਗ ਵੱਲੋਂ ਈ ਪੰਜਾਬ ਪੋਰਟਲ ਤੇ ਲਾਗੂ ਕੀਤੀਆ ਜਾਣਗੀਆਂ , ਉਹ ਨਾਲ ਨੱਥੀ ਹਨ। ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਾਰੀਆਂ ਵਜੀਫਾ ਸਕੀਮਾਂ (ਜ਼ੋ ਕਿਸੇ ਵੀ ਪੋਰਟਲ ਤੇ ਹਨ ) ਦੀ ਲਿਸਟ ਨੱਥੀ ਹੈ, ਸਕੂਲ ਦੇ ਨੋਟਿਸ ਬੋਰਡ ਤੇ ਜਰੂਰ ਲਗਾਈ ਜਾਵੇ।

ਉਪਰੋਕਤ ਸਕੀਮ ਸਬੰਧੀ ਹਦਾਇਤਾਂ **www.ssapunjab.org** ਦੇ **scholarship link** ਤੇ ਉਪਲਬੱਧ ਹਨ । ਇਹਨਾ ਸਕੀਮਾਂ ਵਿੱਚ ਵਿਦਿਆਰਥੀਆਂ ਦੇ ਕਲੇਮ ਭਰਨ ਸਮੇਂ ਹਦਾਇਤਾਂ ਨੂੰ ਵਿਸੇਸ ਤੌਰ ਤੇ ਧਿਆਨ ਵਿੱਚ ਰੱਖਿਆ ਜਾਵੇ। ਕਿਉ ਜ਼ੋ ਸੈਸਨ 2015-16 ਵਿੱਚ ਸਕੂਲਾਂ ਵੱਲੋਂ ਕਲੇਮ ਹਦਾਇਤਾਂ ਅਨੁਸਾਰ ਨਾ ਭਰਨ ਕਾਰਨ, ਮੁੱਖ ਦਫਤਰ ਵੱਲੋਂ ਸਕਟਰੂਨਿੰਗ ਸਮੇਂ ਰਿਜੈਕਟ ਕਰਨ ਉਪਰੰਤ ਗਲਤ ਸਕੀਮ ਵਿੱਚ ਅਪਲਾਈ ਕਰਨ ਕਾਰਨ ਸਕੀਮ ਬਦਲਣ ਲਈ ਬੇਨਤੀ ਪੱਤਰ ਦਿੱਤੇ ਗਏ ਸਨ ।

ਹੁਣ ਸਾਲ 2016-17 ਦੌਰਾਨ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਜਿਹੜੀ ਸਕੀਮ ਵਿੱਚ ਅਪਲਾਈ ਕਰਵਾਇਆ ਜਾਵੇਗਾ । ਉਸ ਨੂੰ ਹੀ **Final** ਮੰਨਿਆ ਜਾਵੇਗਾ।ਇਸ ਸਬੰਧੀ ਇਸ ਦਫਤਰ ਦੀ **website** ਤੇ **scholarship link** ਤੇ ਪੱਤਰ ਨੰ: 16/25-10 ਵਜੀਫਾ (6) ਮਿਤੀ 11-4-2016 ਦੀਆਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਜਾਵੇ। ਜੇਕਰ ਸਕਟਰੂਨਿੰਗ ਦੌਰਾਨ ਆਮਦਨ ਹੱਦ , ਰੇਟ, ਉਮਰ ਅਤੇ ਹੋਰ ਕਿਸੇ ਤਰ੍ਹਾਂ ਦੇ ਵੇਰਵੇ ਗਲਤ ਪਾਏ ਗਏ ਤਾਂ ਉਹ ਰਿਜੈਕਟ ਕਰ ਦਿੱਤੇ ਜਾਣਗੇ। ਜਿਸ ਦੀ ਜਿੰਮੇਵਾਰੀ ਕਲਾਸ ਇੰਚਾਰਜ ਦੀ ਹੋਵੇਗੀ। ਵਿਦਿਆਰਥੀਆਂ ਦੀ ਸਕੀਮ ਦੀਆਂ ਹਦਾਇਤਾਂ ਅਨੁਸਾਰ ਸਾਰੇ ਦਸਤਾਵੇਜ਼ ਦੀ ਹਾਰਡ ਕਾਪੀ ਸਕੂਲ/ਕਲਾਸ ਇੰਚਾਰਜ ਕੋਲ ਉਪਲਬੱਧ ਹੋਣੀ ਚਾਹੀਦੀ ਹੈ। ਹਰ ਸਕੂਲ ਵਿੱਚ ਦੋ ਵਜੀਫਾ ਇੰਚਾਰਜ ਬਣਾਏ ਜਾਣਗੇ। ਇੱਕ ਪ੍ਰੀ ਮੈਟ੍ਰਿਕ ਸਕੀਮਾਂ ਲਈ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਲਈ ਹੇਠ ਲਿਖੇ **Work Flow** ਅਨੁਸਾਰ ਵਿਦਿਆਰਥੀ ਆਪਣੇ ਸਾਰੇ ਦਸਤਾਵੇਜ਼ ਕਲਾਸ ਇੰਚਾਰਜ ਨੂੰ ਜਮ੍ਹਾਂ ਕਰਵਾਉਗੇ ਅਤੇ ਕਲਾਸ ਇੰਚਾਰਜ ਵੱਖ-ਵੱਖ ਸਕੀਮਾਂ

ਹੀ ਲਿਸਟ ਆਪਣੀ ਜਮਾਤ ਵਿੱਚ ਲਗਾਵੇਗਾ, ਜਿਸ ਅਨੁਸਾਰ ਵਿਦਿਆਰਥੀ/ ਮਾਪੇ ਇਹ Decide ਕਰ ਸਕਣਗੇ ਕਿ ਉਹ ਕਿਸ ਸਕੀਮ ਅਧੀਨ ਵਧੇਰੇ ਲਾਭ ਲੈ ਸਕਦੇ ਹਨ ਅਤੇ ਇਸ ਸਬੰਧੀ ਮਾਪਿਆਂ ਨੂੰ ਗਾਇਡ ਕੀਤਾ ਜਾਵੇ।

➢ ਵਿਦਿਆਰਥੀ →ਜਮਾਤ ਇੰਚਾਰਜ → ਪ੍ਰੀ ਮੈਟ੍ਰਿਕ ਸਕੀਮਾਂ ਦੇ ਨੋਡਲ ਇਚਾਰਜ → ਜਿਲਾ ਸਿੱਖਿਆ ਅਫਸਰ → ਡੀ.ਪੀ.ਆਈ.(ਸੈ:ਸਿ) → ਭਲਾਈ ਵਿਭਾਗ

ਸਕੀਮ ਵਿੱਚ ਅਪਲਾਈ ਕਰਨ ਵਾਲੇ ਵਿਦਿਆਰਥੀ ਦਾ ਆਧਾਰ ਹੋਣਾ ਲਾਜਮੀ ਹੈ ਅਤੇ ਉਸ ਨੂੰ ਬੈਂਕ ਨਾਲ ਵੀ ਲਿੰਕ ਕਰਵਾਉਣਾ ਜਰੂਰੀ ਹੈ।ਕਲਾਸ ਇੰਚਾਰਜ ਵਿਦਿਆਰਥੀਆਂ ਦੇ ਬੈਂਕ ਖਾਤੇ ਦੀ ਕਾਪੀ ਅਤੇ ਆਧਾਰ ਦੀ ਕਾਪੀ ਬਣਾ ਕੇ ਬੈਂਕ ਨੂੰ ਭੇਜ਼ ਦੇਣ , ਜਿਸ ਨਾਲ ਕੰਮ ਸੋਖਾ ਹੋ ਸਕਦਾ ਹੈ।ਜਿੰਨਾਂ ਵਿਦਿਆਰਥੀਆਂ ਦੇ ਆਧਾਰ ਨਹੀ ਬਣੇ ਹਨ , ਉਹਨਾ ਦੇ ਆਧਾਰ ਜਲਦ ਤੋਂ ਜਲਦ ਬਣਵਾਏ ਜਾਣ ।ਆਧਾਰ ਬਣਾਉਣ ਵਾਲੀਆ ਅਜੰਸੀਆਂ ਅਤੇ ਜਿਲੇ ਵਿੱਚ ਮਸੀਨਾ ਦੀ ਸਥਿਤੀ ਸਬੰਧੀ ਜਾਣਕਾਰੀ ਵੈਬ ਸਾਇਟ www.ssapunjab.org ਤੇ ਪਾਈਆਂ ਗਈਆਂ ਹਨ।

ਆਪ ਵੱਲੋਂ ਸਾਲ 2015-16 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਵਿੱਚ ਅਪਲਾਈ ਕੀਤੇ ਸਾਰੇ ਵਿਦਿਆਰਥੀਆਂ ਦੇ ਜ਼ੋ ਆਧਾਰ ਨੰਬਰ ਭਰੇ ਗਏ ਹਨ , ਜਦੋਂ ਕਿ ਉਹਨਾਂ ਵਿੱਚੋਂ 40-50% ਆਧਾਰ valid ਨਹੀਂ ਹਨ ਜਿਸ ਦਾ ਕਾਰਨ ਜਾਂ ਤਾ ਆਪ ਵੱਲੋਂ ਆਧਾਰ ਕਾਰਡ ਵੇਖ ਕੇ ਨਹੀਂ ਭਰੇ ਗਏ ਜਾਂ ਭਰਣ ਲੱਗਿਆ ਬੇਧਿਆਨੀ ਵਰਤੀ ਗਈ ਹੈ। ਵਿਦਿਆਰਥੀ ਦੇ ਆਧਾਰ ਨੰਬਰ ਅਤੇ ਨਾਮ ਵਿੱਚ Mismatch ਹੋਣ ਤੇ ਅਧਾਰ ਠੀਕ ਕਰਵਾਉਣ ਲਈ ਜਿਲਾ ਪੱਧਰ ਤੇ ਆਧਾਰ ਮੋਨੀਟਰਿੰਗ ਇੰਚਾਰਚ ਨਾਲ ਸੰਪਰਕ ਕੀਤਾ ਜਾਵੇ। ਵਿਦਿਆਰਥੀਆਂ ਦੇ ਆਧਾਰ ਸਬੰਧੀ ਬੈਂਕ ਖਾਤਿਆ ਨਾਲ ਸੀਡਿੰਗ ਕਰਵਾਉਣ ਲਈ ਕਲਾਸ ਇੰਚਾਰਜ ਵੱਲੋਂ ਇੰਨਸੋਅਰ ਕੀਤਾ ਜਾਵੇਗਾ।

ਵਿਦਿਆਰਥੀ ਦੀ ਯੋਗਤਾ ਸਕੀਮ ਦੀਆਂ ਹਦਾਇਤਾ ਅਨੁਸਾਰ ਹੀ ਨਿਰਧਾਰਿਤ ਕੀਤੀ ਜਾਵੇ।ਸਕੀਮ ਲਈ ਅਪਲਾਈ ਕਰਨ ਉਪਰੰਤ ਵਿਦਿਆਰਥੀ ਦੀ application form ਦਾ ਪ੍ਰਿੰਟ ਲਿਆ ਜਾਵੇ ਅਤੇ ਉਸ ਨਾਲ ਸਾਰੇ ਜਰੂਰੀ ਦਸਤਾਵੇਜ਼ ਜਿਵੇਂ ਕਿ ਜਾਤ ਦਾ ਸਰਟੀਫਿਕੇਟ ਅਤੇ ਆਮਦਨ ਹੱਦ ਦਾ ਸਰਟੀਫਿਕੇਟ( ਸਵੈ ਘੋਸਣਾ) ਨੂੰ ਨਾਲ ਨੱਥੀ ਕਰਕੇ ਜਮਾਤ ਇੰਚਾਰਜ ਆਪਣੇ ਕੋਲ ਰਿਕਾਰਡ ਰੱਖੇਗਾ।

ਵੱਧ ਤੋਂ ਵੱਧ ਵਿਦਿਆਥੀਆਂ ਵੱਲੋਂ ਮਨਿਊਰਟੀ ਸਕੀਮ ਵਿੱਚ apply ਕਰਵਾਇਆ ਜਾਵੇ ਪੰਤੂ apply ਕਰਵਾਉਣ ਸਮੇਂ ਵਿਦਿਆਰਥੀਆਂ ਦੇ ਵਿੱਤੀ ਲਾਭ ਨੂੰ ਧਿਆਨ ਵਿੱਚ ਰੱਖਿਆ ਜਾਵੇ।

ਇਸ ਸਬੰਧੀ ਜਿਲਾ ਸਿੱਖਿਆ ਅਫਸਰ ਸਕੂਲ ਮੁਖੀਆਂ ਨੂੰ ਹਦਾਇਤ ਕਰਨ ਕਿ ਸਕੀਮਾਂ ਬਾਰੇ ਵੱਧ ਤੋਂ ਵੱਧ ਕੰਮ 31-5-2016 ਤੱਕ ਪੂਰਾ ਕਰ ਲਿਆ ਜਾਵੇ।

ਹਰ ਸਕੂਲ www.epunjabschool.gov.in ਦੀ Login ID ਵਿੱਚ ਵਿਦਿਆਰਥੀਆਂ ਦੇ ਸਾਰੇ ਵੇਰਵੇ ਚੈਕ ਕਰ ਕੇ ਤਸਦੀਕ ਕਰਨ ਕਿ ਸਾਰੇ ਵੇਰਵੇ ਪੂਰੇ ਅਤੇ ਸਹੀ ਹਨ, ਇਸ ਸਬੰਧੀ ਜਿਲਾ ਸਿੱਖਿਆ ਅਫਸਰ ਆਪਣੇ ਜਿਲੇ ਦੇ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕਰਨ, ਤਾਂ ਜ਼ੋ ਕੰਮ ਨੂੰ ਜਲਦੀ ਨੇਪਰੇ ਚੜ੍ਹਾਇਆ ਜਾ ਸਕੇ।

ਕੁਝ ਵਿਸੇਸ ਸਕੀਮਾਂ ਵਾਈਜ ਹਦਾਇਤਾਂ ਨਾਲ ਨੱਥੀ ਹਨ।

19/5/16

ਵਿਸੇਸ ਕਾਰਜ ਅਫਸਰ (ਵਜੀਫਾ)

1. ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਐਸ.ਸੀ. ਸਕੀਮ (9ਵੀ ਤੋਂ 10)
2. ਪ੍ਰੀ ਮੈਟ੍ਰਿਕ ਸਕਾਲਰਸਿਪ ਫਾਰ ਓ.ਬੀ.ਸੀ. ਸਕੀਮ
3. ਮਲੀਨ ਕਿੱਤਾ ਕਰਨ ਵਾਲੇ ਮਾਪਿਆ ਦੇ ਬੱਚਿਆ ਨੂੰ ਵਜੀਫਾ ਦੇਣ ਸਕੀਮ
4. ਨੈਸਨਲ ਸਕੀਮ ਇੰਨਸੈਟਿਗ ਟੂ ਗਰਲਜ ਆਫ ਸੈਕੰਡਰੀ ਐਜੂਕੇਸ ਅਧੀਨ (NSIGSE)
5. ਨੈਸਨਲ ਮੀਨਜ ਕਮ ਮੈਰਿਟ ਸਕਾਲਰਸਿਪ ਸਕੀਮ (NMMS)
6. ਅੱਪਗ੍ਰੇਡੇਸਨ ਆਫ ਮੈਰਿਟ ਆਫ ਐਸ.ਸੀ. ਸਟੂਡੈਂਟਸ ਸਕਾਲਰ ਸਕੀਮ
7. ਰਾਜ ਵਿਦਿਅਕ ਭਲਾਈ ਸਕੀਮ 6ਵੀ ਤੋਂ 8ਵੀ ਐਸ.ਸੀ. ਵਿਦਿਆ
8. 55- ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀ ਤੋਂ 12ਵੀ
9. ਡੀਨੋਟੀਫਾਇਡ ਟਰਾਇਬਜ (ਵਿਮੁਕਤ ਜਾਤੀਆਂ) ਸਕੀਮ (6ਵੀ
10. ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਸਕੀਮ (6ਵੀ ਤੋਂ 12ਵੀ)
11. ਹਾਜਰੀ ਵਜੀਫਾ ਐਸ.ਸੀ./ ਬੀ.ਸੀ. ਗਰਲਜ